بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.06.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜਿਸ ਨੇ ਨਿਰੰਤਰ ਤਿੰਨ ਜੁਮਏ ਜਾਣਬੁਝ ਕੇ ਛੱਡ ਦਿੱਤੇ ਰੱਬ ਉਸ ਦੇ ਮਨ'ਤੇ ਮੁਹਰ ਕਰ ਦਿੰਦਾ ਹੈ, ਉਸ ਦਾ ਮਨ ਕਾਲਾ ਹੋ ਜਾਂਦਾ ਹੈ, ਜੇਕਰ ਇਮਾਨ ਹਕੀਕੀ ਹੋਵੇ ਤਾਂ ਕਦੇ ਵੀ ਸੰਸਾਰਕ ਹਿਤਾਂ ਖ਼ਾਤਰ ਆਪਣੇ ਜੁਮਇਆਂ ਨੂੰ ਕੁਰਬਾਨ ਨ ਕਰੇ ।**

ਰਮਜ਼ਾਨ ਵਿੱਚ ਕੁਰਆਨ ਕਰੀਮ ਦੀ ਤਲਾਵਤ ਵੱਲ ਧਿਆਨ ਤੇ ਪ੍ਰਬੰਧ ਇਸ ਪਾਸੇ ਵੀ ਧਿਆਨ ਦੁਆਉਣ ਵਾਲਾ ਹੋਣਾ ਚਾਹੀਦਾ ਹੈ ਕਿ ਹੁਣ ਅਸੀਂ ਪ੍ਰਤੀਦਿਨ ਬਕਾਇਦਗੀ ਨਾਲ ਕੁਰਆਨ ਕਰੀਮ ਦੇ ਕੁਝ ਨ ਕੁਝ ਭਾਗ ਦੀ ਤਲਾਵਤ ਕਰਨੀ ਹੈ

**ਰਮਜ਼ਾਨ ਦੇ ਬਾਦ ਵੀ ਅਸੀਂ ਆਪਣੀਆਂ ਇਬਾਦਤਾਂ ਦੇ ਮਿਆਰਾਂ ਨੂੰ ਸਥਾਪਤ ਰਖੱਣ ਵਾਲੇ ਹੋਈਏ ਤਾਂ ਹਰ ਪਲ ਰੱਬ ਦੀ ਮਿਹਰ ਦੇ ਸੋਮਿਆਂ ਦੇ ਫਲ ਪਾਉਂਦੇ ਰਹੀਏ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਜੂਨ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

**ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :**

ਮੁਬਾਰਕ ਰਮਜ਼ਾਨ ਦਾ ਮਹੀਨਾ ਆਇਆ ਅਤੇ ਤੇਜ਼ੀ ਨਾਲ ਲੰਘ ਵੀ ਗਿਆ । ਲੰਮੇ ਦਿਨ ਹੁੰਦਿਆਂ ਹੋਇਆਂ ਅਤੇ ਫਿਰ ਗਰਮੀ ਵੀ ਬਹੁਤੀ ਹੋਣ ਦੇ ਬਾਦ ਵੀ ਮੈਨੂੰ ਜੋ ਲੋਕ ਮਿਲੇ ਉਹ ਇਹੋ ਕਹਿੰਦੇ ਹਨ ਕਿ ਇਸ ਵਾਰ ਰੋਜ਼ਿਆਂ ਦਾ ਬਹੁਤਾ ਅਹਿਸਾਸ ਨਹੀਂ ਹੋਇਆ, ਪਰ ਕੇਵਲ ਐਨ੍ਹਾ ਹੀ ਬਹੁਤ ਨਹੀਂ ਹੈ ਕਿ ਅਸੀਂ ਆਖੀਏ ਕਿ ਕਿ ਰੋਜ਼ੇ ਇਸ ਵਾਰ ਅਸਾਧਾਰਣ ਤੌਰ'ਤੇ ਸੋਖੇ ਲੰਘੇ ਸਗੋਂ ਸਾਨੂੰ ਆਪਣਾ ਜਾਇਜ਼ਾ ਲੈਣਾ ਚਾਹੀਦਾ ਹੈ ਕਿ ਅਸੀਂ ਰੱਬ ਦੇ ਇਹਨਾ ਬਰਕਤਾਂ ਭਰਪੂਰ ਦਿਨਾਂ ਵਿੱਚੋਂ ਕੀ ਹਾਸਲ ਕੀਤਾ । ਰੱਬ ਜੋ ਰਮਜ਼ਾਨ ਦੇ ਮਹੀਨੇ ਵਿੱਚ ਸਤੱਵੇਂ ਆਕਾਸ਼ ਤੋਂ ਹੇਠਲੇ ਆਕਾਸ਼'ਤੇ ਆ ਜਾਂਦਾ ਹੈ ਆਪਣੇ ਬੰਦਿਆਂ ਦੀ ਨੇੜੇ ਹੋਕੇ ਦੁਆਵਾਂ ਸੁਣਦਾ ਹੈ । ਰੱਬ ਜੋ ਇਹਨਾਂ ਦਿਨਾਂ ਵਿੱਚ ਰਜ਼ਾ ਰਖੱਣ ਵਾਲਿਆਂ ਦਾ ਆਪ ਪ੍ਰਤੀਫਲ ਬਣ ਜਾਂਦਾ ਹੈ । ਰੱਬ ਜੋ ਇਹਨਾਂ ਦਿਨਾਂ ਵਿੱਚ ਸ਼ੈਤਾਨਾ ਨੂੰ ਜਕੜ ਦਿੰਦਾ ਹੈ

ਅਸੀਂ ਰੱਬ ਦੀਆਂ ਇਹਨਾਂ ਮਿਹਰਾਂ ਤੇ ਰਹਮਤਾਂ ਤੋਂ ਲਾਭ ਉਠਾਉਣ ਲਈ ਕੀ ਕੀਤਾ । ਅਸੀਂ ਰੱਬ ਦੇ ਆਦੇਸ਼ਾਂ ਨੂੰ ਮੰਨ੍ਹਣ ਅਤੇ ਉਸ ਦੀ ਸਿੱਖਿਆ ਅਨੁਸਾਰ ਜੀਵਨ ਲੰਘਾਉਣ ਲਈ, ਬੀਤੀਆਂ ਕੁਤਾਹੀਆਂ ਨੂੰ ਛਡੱਣ ਲਈ ਕੀ ਪ੍ਰਣ ਕੀਤੇ ਹਨ ਅਤੇ ਕਿੱਥੋਂ ਤੱਕ ਆਪਣੇ ਅੰਦਰ ਤਬਦੀਲੀਆਂ ਕੀਤੀਆਂ ਹਨ । ਜੇਕਰ ਅਸੀਂ ਨਮਾਜ਼ਾਂ ਵਿੱਚ ਰਮਜ਼ਾਨ ਕਰਕੇ ਬਕਾਇਦਗੀ ਅਖਤਿਆਰ ਕੀਤੀ ਹੈ ਅਤੇ ਬਾਦ ਵਿੱਚ ਅਸੀਂ ਫਿਰ ਸੁਸਤ ਹੋ ਜਾਣਾ ਹੈ ਤਾਂ ਇਹ ਤਾਂ ਰੱਬ ਦੇ ਆਦੇਸ਼ਾਂ ਉਪੱਰ ਚਲੱਣਾ ਨ ਹੋਇਆ । ਜੇਕਰ ਅਸੀਂ ਜੁਮਿਆਂ ਵਿੱਚ ਬਕਾਇਦਗੀ ਕੇਵਲ ਰਮਜ਼ਾਨ ਦੇ ਮਹੀਨਾ ਤੱਕ ਹੀ ਰਖੱਣੀ ਹੈ ਤਾਂ ਇਹ ਰੱਬ ਦੇ ਆਦੇਸ਼ਾਂ ਅਨੁਸਾਰ ਚਲਣਾ ਨਹੀਂ ਹੈ । ਜੇਕਰ ਅਸੀਂ ਕੁਰਆਨ ਕੀਰੀਮ ਦੀ ਤਲਾਵਤ ਨੂੰ ਕੇਵਲ ਰਮਜ਼ਾਨ ਲਈ ਹੀ ਜ਼ਰੂਰੀ ਸਮਝਿਆ ਹੈ ਅਤੇ ਬਾਦ ਵਿੱਚ ਇਸ ਵੱਲ ਧਿਆਨ ਨਹੀਂ ਦੇਣਾ ਤਾਂ ਇਹ ਰੱਬ ਦੀ ਮਰਜ਼ੀ ਉਪੱਰ ਚਲੱਣਾ ਨਹੀਂ ਹੈ, ਜੇਕਰ ਦੁਰੂਦ ਤੇ ਸਿਮਰਣ ਨੂੰ ਕੇਵਲ ਰਮਜ਼ਾਨ ਤੱਕ ਹੀ ਸੀਮਤ ਰਖੱਣਾ ਹੈ ਤਾਂ ਕੇਵਲ ਇਹ ਗੱਲ ਰੱਬ ਨਹੀਂ ਚਾਹੁੰਦਾ । ਜੇਕਰ ਅਸੀਂ ਆਪਣੇ ਆਚਰਣ ਅਤੇ ਦੂਜੀਆਂ ਨੇਕੀ ਦੀਆਂ ਗਲੱਾਂ ਨੂੰ ਕੇਵਲ ਰਮਜ਼ਾਨ ਤੱਕ ਹੀ ਮਜਬੂਰੀ ਸਮਝਕੇ ਕਰਣਾ ਹੈ ਤਾਂ ਇਹ ਰੱਬ ਨਹੀਂ ਚਾਹੁੰਦਾ । ਰਮਜ਼ਾਨ ਆਉਂਦਾ ਤਾਂ ਹੈ ਇਕ ਟ੍ਰੇਨਿੰਗ ਕੈਂਪ ਦੇ ਰੂਪ ਵਿੱਚ । ਰਮਜ਼ਾਨ ਤਾਂ ਰੱਬ ਨੇ ਇਸ ਲਈ ਫ਼ਰਜ਼ ਕੀਤਾ ਹੈ ਕਿ ਜਿੰਨ੍ਹਾ ਨੇਕੀਆਂ ਨੂੰ ਤੁਸੀਂ ਕਰ ਰਹੇ ਹੋ ਉਸ ਵਿੱਚ ਤੁਸੀਂ ਹੋਰ ਤਰੱਕੀ ਕਰੋ ਅਤੇ ਹਰ ਆਉਣ ਵਾਲਾ ਰਮਜ਼ਾਨ ਜੱਦ ਖ਼ਤਮ ਹੋਵੇ ਤਾਂ ਸਾਨੂੰ ਇਬਾਦਤਾਂ ਤੇ ਨੇਕੀਆਂ ਦੀਆਂ ਨਵੀਆਂ ਮੰਜ਼ਲਾਂ ਅਤੇ ਬੁਲੰਦੀਆਂ ਉਪੱਰ ਪਹੁੰਚਾਉਣ ਵਾਲਾ ਹੋਵੇ ਅਤੇ ਫਿਰ ਅਸੀਂ ਇਬਾਦਤਾਂ ਤੇ ਨੇਕੀਆਂ ਦੇ ਨਵੇਂ ਤੇ ਉੱਚੇ ਮਿਆਰ ਕਾਇਮ ਕਰਨ ਵਾਲੇ ਬਣ ਜਾਈਏ । ਅਲੱਾਹ ਤਆਲਾ ਤਾਂ ਸਾਡੇ ਕੋਲੋਂ ਪੱਕੇ ਸੁਭਾਉ ਨਾਲ ਨੇਕੀਆਂ ਉਪੱਰ ਚਲੱਣ ਦੀ ਮੰਗ ਕਰਦਾ ਹੈ । ਰੱਬ ਨੇ ਤਾਂ (اَقِيْمُوا الصَّلٰوةَ) 'ਅਕੀਮੁਸੱਲਾਤਾ' (ਅਰਥਾਤ ਨਮਾਜ਼ ਕਾਇਮ ਕਰੋ) ਦਾ ਆਦੇਸ਼ ਦਿੱਤਾ ਹੈ ਕਿ ਨਮਾਜ਼ਾਂ ਕਾਇਮ ਕਰੋ, ਨਮਾਜ਼ਾਂ ਨੂੰ ਸਮੇਂ ਸਿਰ ਸੁਆਰਕੇ ਪੜ੍ਹੋ । ਰੱਬ ਨੇ (حٰفِظُوْا عَلَى الصَّلَوٰتِ وَالصَّلٰوةِ الْوُسْطٰى) 'ਹਾਫ਼ਿਜ਼ੂ ਅਲਸ ਸਲਾਵਾਤਿ ਵਸੱਲਾਵਾਤਿਲ ਵੁਸਤਾ' ਅਰਥਾਤ ਸਾਰੀਆਂ ਨਮਾਜ਼ਾਂ ਅਤੇ ਵਿਸ਼ੇਸ਼ ਕਰਕੇ ਵਿਚਕਾਰੀਲੀਆਂ ਨਮਾਜ਼ਾਂ ਦਾ ਪੂਰਾ ਧਿਆਨ ਰੱਖੋ ਇਹ ਆਦੇਸ਼ ਦਿਤੱਾ ਹੈ, ਅਤੇ ਹਰ ਮੁਸਲਮਾਨ ਜਾਣਦਾ ਹੈ ਕਿ ਪੰਜ ਨਮਾਜ਼ਾਂ ਫ਼ਰਜ਼ ਹਨ ਇਸ ਲਈ ਪੰਜਾ ਨਮਾਜ਼ਾਂ ਦੀ ਸੁਰੱਖਿਆ ਦਾ ਆਦੇਸ਼ ਹੈ ਅਤੇ ਵਿਸ਼ੇਸ਼ ਰੂਪ ਵਿੱਚ ਵਿਚਕਾਰਲੀਆਂ ਨਮਾਜ਼ਾਂ ਵੱਲ ਧਿਆਨ ਦੁਆਇਆ ਹੈ । 'ਸਲਾਤਿਲ ਵੁਸਤਾ' ਦਾ ਅਰਥ ਹੈ ਵਿਚਕਾਰਲੀ ਜਾਂ ਮਹਤੱਵਪੂਰਨ ਨਮਾਜ਼ ਅਰਥਾਤ ਨਮਾਜ਼ ਦਾ ਅਜਿਹਾ ਸਮਾਂ ਜੱਦ ਨਮਾਜ਼ ਦੀ ਮਹੱਤਾ ਵੱਧ ਜਾਂਦੀ ਹੈ । ਹਰ ਨਮਾਜ਼ ਹੀ ਰੱਬ ਨੇ ਫ਼ਰਜ ਮਿੱਥੀ ਹੈ ਅਤੇ ਮਹਤੱਵਪੂਰਨ ਹੈ ਫਿਰ 'ਸਲਾਤਿਲ ਵੁਸਤਾ' ਨੂੰ ਮਹਤੱਾ ਕਿਉਂ ਦਿੱਤੀ ਹੈ । ਇਸ ਲਈ ਕਿ ਕੁਝ ਨਮਾਜ਼ਾਂ ਦੇ ਸਮਿਆਂ ਵਿੱਚ ਮਨੁੱਖ ਆਪਣੇ ਵਿਅਕਤੀਗੱਤ ਜਾਂ ਸੰਸਾਰਕ ਇਛੱਵਾਂ ਨੂੰ ਤਰਜੀਹ ਦੇ ਰਿਹਾ ਹੁੰਦਾ ਹੈ ਕਿਸੇ ਲਈ ਫ਼ਜਰ ਦੀ ਨਮਾਜ਼ ਪੜ੍ਹਨੀ ਮੁਸ਼ਕਲ ਹੈ ਉਸ ਸਮੇਂ ਉਠੱਕੇ ਫ਼ਜਰ ਪੜ੍ਹਨਾ ਰੱਬ ਦੇ ਬਹੁਤਾ ਨੇੜੇ ਕਰਦਾ ਹੈ ਉਹ ਮਹਤੱਵਪੂਰਨ ਨਮਾਜ਼ ਬਣ ਜੰਦੀ ਹੈ । ਕਿਸੇ ਨੂੰ ਆਪਣੇ ਕਾਰੋਬਾਰ ਕਰਕੇ ਜ਼ੁਹਰ ਜਾਂ ਅਸਰ ਦੀ ਨਮਾਜ਼ ਪੜ੍ਹਨਾ ਮੁਸ਼ਕਲ ਲਗਦਾ ਹੈ ਇਸ ਲਈ ਇਸ ਨਮਾਜ਼ ਦੀ ਮਹਤੱਾ ਵੱਧ ਜਾਂਦੀ ਹੈ । ਸੰਭਵਤਾ ਜਿੱਥੇ ਸੰਘਰਸ਼ ਕਰਕੇ ਜਤਨ ਕਰਕੇ ਰੱਬ ਦੀ ਇਬਾਦਤ ਵੱਲ ਮਨੁੱਖ ਆਏ ਰੱਬ ਉਸ ਜਤਨ ਨੂੰ ਕਦਰ ਦੀ ਨਿਗਾਹ ਨਾਲ ਨਵਾਜ਼ਦਾ ਹੈ ।

ਅਲੱਾਹ ਤਆਲਾ ਨੇ ਨਮਾਜ਼ ਬਾਰੇ ਕਈ ਥਾਵਾਂ'ਤੇ ਵੱਖ ਵੱਖ ਦਲੀਲਾਂ ਨਾਲ ਸਾਨੂੰ ਧਿਆਨ ਦੁਆਇਆ ਹੈ । ਕੇਵਲ ਰਮਜ਼ਾਨ ਤੱਕ ਹੀ ਸੀਮਤ ਨਹੀਂ ਕੀਤਾ ਸਗੋਂ ਹਜ਼ਰਤ ਮੁਹਮੰਦ ਸਲਲੱਾਹੁ ਅਲੈਹਿ ਵਸਲੱਮ ਨੇ ਨਮਾਜ਼ਾਂ, ਜੁਮਿਆਂ ਅਤੇ ਰਮਜ਼ਾਨ ਦੇ ਹਵਾਲਿਆਂ ਨਾਲ ਇਕ ਅਜਿਹਾ ਫ਼ਰਮਾਨ ਦਿਤੱਾ ਹੈ ਜੋ ਇਕ ਮੋਮਨ ਨੂੰ ਅਤੇ ਇਕ

ਅਜਿਹੇ ਵਿਅਕਤੀ ਨੂੰ ਜੋ ਰੱਬ ਦਾ ਖ਼ੌਫ਼ ਮਨ ਵਿੱਚ ਰਖੱਦਾ ਹੋਵੇ ਹਰ ਸਮੇਂ ਸਾਹਣੇ ਰਖੱਣਾ ਚਾਹੀਦਾ ਹੈ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਪੰਜ ਨਮਾਜ਼ਾਂ, ਜੁਮਆ ਅਗਲੇ ਜੁਏ ਤੱਕ ਅਤੇ ਰਮਜ਼ਾਨ ਅਗਲੇ ਰਮਜ਼ਾਨ ਤੱਕ ਇਹਨਾਂ ਵਿਚਕਾਰ ਹੋਣ ਵਾਲੇ ਪਾਪਾਂ ਦਾ ਕੁਫ਼ੱਾਰਾ ਬਣ ਜਾਂਦਾ ਹੈ ਜੱਦ ਤੱਕ ਕਿ ਉਹ ਵੱਡੇ ਪਾਪਾਂ ਤੋਂ ਬਚੱਦਾ ਰਹੇ । ਸੋ, ਏਥੇ ਖੋਲਕੇ ਵਰਨਣ ਕਰ ਦਿਤੱਾ ਕਿ ਪੰਜ ਨਮਾਜ਼ਾ ਕਫ਼ੱਾਰਾ ਬਣਦੀਆਂ ਹਨ ਉਸ ਸਮੇਂ ਤੱਕ ਜੱਦ ਮਨੁੱਖ ਆਪਣੇ ਪੂਰੇ ਜਤਨ ਕਰਕੇ ਪੰਜ ਨਮਾਜ਼ਾਂ ਆਪਣੇ ਸਮੇਂ ਸਿਰ ਪੜ੍ਹੇ ਅਤੇ ਹਰ ਨਮਾਜ਼ ਵਿੱਚਕਾਰ ਜੋ ਵਕਫ਼ਾ ਹੈ ਉਸ ਵਿੱਚ ਪਾਪਾਂ ਤੋਂ ਬਚਣ ਦਾ ਜਤਨ ਕਰਦਾ ਰਹੇ । ਜਕੇਰ ਛੋਟੀ ਮੋਟੀ ਕਮਜ਼ੋਰੀਆਂ ਹੋਣਗੀਆਂ ਤਾਂ ਰੱਬ ਉਹਨਾਂ ਨੂੰ ਮੁਆਫ਼ ਕਰ ਦੇਵੇਗਾ । ਸ਼ਰਤ ਇਹ ਹੈ ਕਿ ਨਮਾਜ਼ਾਂ ਸਮੇਂ ਸਿਰ, ਉਹਨਾਂ ਦਾ ਹੱਕ ਪੂਰਾ ਕਰਦਿਆਂ ਹੋਇਆਂ ਪੜ੍ਹੀਆਂ ਜਾਣ । ਫਿਰ ਇਸੇ ਪ੍ਰਕਾਰ ਹਰ ਜੁਮਏ ਦੀ ਮਹਤੱਾ ਵੀ ਸਪਸ਼ਟ ਕਰ ਦਿੱਤੀ ਕਿ ਜਿਵੇਂ ਪੰਜ ਨਮਾਜ਼ਾਂ ਫ਼ਰਜ਼ ਹਨ ਇਸੇ ਪ੍ਰਕਾਰ ਜੁਮਆ ਵੀ ਫ਼ਰਜ਼ ਹੈ ਅਤੇ ਇਕ ਜੁਮਏ ਤੋਂ ਦੂਜੇ ਜੁਮਏ ਤੱਕ ਹੋਣ ਵਾਲੀਆਂ ਛੋਟੀਆ ਮੋਟੀਆਂ ਗ਼ਲਤੀਆਂ ਅਤੇ ਕਮਜ਼ੋਰੀਆਂ ਅਤੇ ਛੋਟੇ ਪਾਪ ਵੀ ਰੱਬ ਮੁਆਫ਼ ਕਰ ਦਿੰਦਾ ਹੈ । ਇਸ ਦਾ ਅਰਥ ਕੋਈ ਇਹ ਨ ਲੈ ਲਏ ਕਿ ਇਸ ਸਮੇਂ ਦੌਰਾਨ ਛੋਟੇ ਮੋਟੇ ਪਾਪ ਕਰ ਲਓ । ਰੱਬ ਮੁਆਫ਼ ਕਰ ਦੇਵੇਗਾ, ਨਹੀਂ, ਸਗੋਂ ਇਸ ਦਾ ਅਰਥ ਹੈ ਕਿ ਮਾਨਵੀ ਕਮਜ਼ੋਰੀਆਂ ਕਰਕੇ ਕੋਈ ਗ਼ਲਤੀ ਹੋ ਗਈ ਹੈ ਤਾਂ ਨਮਾਜ਼ਾਂ ਤੇ ਜੁਮਿਆਂ ਵਿੱਚ ਬਕਾਇਦਗੀ ਤੇ ਪਾਪਾ ਦੀ ਮੁਆਫ਼ੀ ਦੀਆਂ ਦੁਆਵਾਂ ਅਤੇ ਆਪਣੇ ਪ੍ਰਣਾ ਕਰਕੇ ਕਿ ਭਵਿੱਖ ਵਿੱਚ ਇਹ ਗ਼ਲਤੀ ਨਹੀਂ ਕਰਾਂਗਾ ਰੱਬ ਮੁਆਫ਼ ਕਰ ਦਿੰਦਾ ਹੈ।

ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਜੁਮਿਆਂ ਵਿੱਚ ਬਕਾਇਦਗੀ ਰਖੱਣ ਵਾਲਿਆਂ ਦੀ ਮਹਤੱਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਜਿਸ ਨੇ ਲਗਾਤਾਰ ਤਿੰਨ ਜੁਮਏ ਜਾਣਬੁਝ ਕੇ ਛੱਡ ਦਿੱਤੇ ਰੱਬ ਉਸ ਦੇ ਮਨ'ਤੇ ਮੁਹਰ ਲਾ ਦਿੰਦਾ ਹੈ । ਇਕ ਰਿਵਾਇਤ ਵਿੱਚ ਇਹ ਵੀ ਹੈ ਕਿ ਉਸ ਦਾ ਮਨ ਕਾਲਾ ਹੋ ਜਾਂਦਾ ਹੈ । ਸੋ, ਹਰ ਇਕ ਜੁਮਏ ਨੂੰ ਜੁਮਏ ਦੀ ਉਸ ਮਹਤੱਾ ਨੂੰ ਸਮਝਣਾ ਚਾਹੀਦਾ ਹੈ । ਅੱਜ ਰਮਜ਼ਾਨ ਦਾ ਅਖੀਰਲਾ ਜੁਮਆ ਹੈ ਕਈ ਲੋਕ ਇਸ ਦੀ ਮਹਤੱਾ ਕਰਕੇ ਆਏ ਹੋਣਗੇ ਕਿ ਰਮਜ਼ਾਨ ਦਾ ਅਖੀਰਲਾ ਜੁਮਆ ਹੈ ਇਸ ਲਈ ਏਥੇ ਵੱਡੀ ਮਸਜਿਦ ਵਿੱਚ ਆਣਕੇ ਪੜ੍ਹ ਲਓ ਜਾਂ ਕਈ ਵਾਰ ਅਜਿਹੇ ਵੀ ਹਨ ਜੋ ਕਹਿੰਦੇ ਹਨ ਅਖ਼ੀਰਲਾ ਜੁਮਆ ਜ਼ਰੂਰ ਪੜ੍ਹਨਾ ਹੈ ਇਸ ਲਈ ਪੜ੍ਹ ਲਓ । ਰੱਬ ਨੇ ਇਹ ਨਹੀਂ ਫ਼ਰਮਾਇਆ ਕਿ ਰਮਜ਼ਾਨ ਦੇ ਜੁਮਏ ਪੜ੍ਹ ਲਓ ਜਾਂ ਅਖ਼ੀਰਲਾ ਜੁਮਆ ਪੜ੍ਹ ਲਓ ਤਾਂ ਪੁੰਨ ਹੋਵੇਗਾ ਸਗੋਂ ਹਰ ਜੁਮਏ ਦੀ ਮਹਤੱਾ ਦੱਸੀ ਹੈ । ਸੋ, ਰੱਬ ਫ਼ਰਮਾਉਂਦਾ ਹੈ :

(يَاأَيُّهَا الَّذِينَ آمَنُوا إِذَا نُودِيَ لِلصَّلَاةِ مِن يَوْمِ الْجُمُعَةِ فَاسْعَوْا إِلَىٰ ذِكْرِ اللَّهِ وَذَرُوا الْبَيْعَ ۚ ذَٰلِكُمْ خَيْرٌ لَّكُمْ إِن كُنتُمْ تَعْلَمُونَ)

ਕਿ ਹੇ, ਲੋਕੋ ! ਜੋ ਇਮਾਨ ਲਿਆਏ ਹੋ ਜੱਦ ਜੁਮਏ ਦੇ ਦਿਨ ਇਕ ਭਾਗ ਵਿੱਚ ਨਮਾਜ਼ ਲਈ ਬੁਲਾਇਆ ਜਾਵੇ ਤਾਂ ਰੱਬ ਦੇ ਸਿਮਰਣ ਲਈ ਛੇਤੀ ਕਰਦਿਆਂ ਹੋਇਆਂ ਵੱਧਿਆ ਕਰੋ ਅਤੇ ਕਾਰੋਬਾਰ ਛੱਡ ਦਿਆ ਕਰੋ ਇਹ ਤੁਹਾਡੇ ਲਈ ਚੰਗਾ ਹੈ ਜੇਕਰ ਤੁਸੀਂ ਜਾਣਕਾਰੀ ਰਖੱਦੇ ਹੋ ।

ਸੋ, ਮੋਮਨ ਨੂੰ ਇਹ ਆਦੇਸ਼ ਹੈ ਕਿ ਇਮਾਨ ਲਿਆਉਣ ਦਾ ਦਾਵਾ ਕਰਨ ਵਾਲੇ ਨੂੰ ਹੁਕਮ ਹੈ ਕਿ ਹਰ ਜੁਮਏ ਦੀ ਨਮਾਜ਼ ਦਾ ਵਿਸ਼ੇਸ਼ ਪ੍ਰਬੰਧ ਕਰੋ ਅਤੇ ਆਪਣੇ ਕਾਰੋਬਾਰ, ਆਪਣੇ ਕੰਮ, ਆਪਣੇ ਵਪਾਰ ਛੱਡ ਦਿਓ । ਰੱਬ ਨੇ ਫ਼ਰਮਾਇਆ ਕਿ ਜੇਕਰ ਤੁਸੀਂ ਜਾਣਕਾਰੀ ਰਖੱਦੇ ਹੋ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਇਹ ਤੁਹਾਡੇ ਲਈ ਬਿਹਤਰ ਹੈ ਅਤੇ ਇਸੇ ਵਿੱਚ ਬਰਕਤ ਹੈ ਇਸੇ ਨਾਲ ਤੁਹਾਡੇ ਕਾਰੋਬਾਰ ਵਿੱਚ ਬਰਕਤ ਪਏਗੀ । ਜੇਕਰ ਇਮਾਨ ਹਕੀਕੀ ਹੋਵੇ ਤਾਂ ਮਨੁੱਖ ਕਦੇ ਵੀ ਸੰਸਾਰਕ ਲਾਭ ਖ਼ਾਤਰ ਆਪਣੇ ਜੁਮਿਆਂ ਨੂੰ ਤਿਆਗ ਨ ਕਰੇ ।

ਜੁਮਿਆਂ ਦੇ ਹਵਾਲੇ ਨਾਲ ਇਹ ਵੀ ਦੱਸ ਦਿਆਂ ਕਿ ਜੁਮਆ ਪੁਰਸ਼ਾਂ'ਤੇ ਫ਼ਰਜ਼ ਹੈ ਜੇਕਰ ਇਸਤਰੀਆਂ ਆ ਸਕਦੀਆਂ ਹਨ ਤਾਂ ਚੰਗੀ ਗੱਲ ਹੈ ਵਾਧੂ ਪੁੰਨ ਖੱਟ ਰਹੀਆਂ ਹਨ, ਆ ਜਾਣ ਬੇਸ਼ਕ, ਅਤੇ ਕਈ ਵਾਰ ਮਾਵਾਂ ਦੇ ਆਉਣ ਕਰਕੇ ਬੱਚਿਆਂ ਵਿੱਚ ਵੀ ਜੁਮਆ ਪੜ੍ਹਨ ਵੱਲ ਧਿਆਨ ਪੈਦਾ ਹੁੰਦਾ ਹੈ ਉਸ ਦੀ ਮਹਤੱਤਾ ਵਧੱਦੀ ਹੈ ਪਰ ਬਹਿਰਹਾਲ ਜੁਮਏ'ਤੇ ਮਸਜਿਦ ਵਿੱਚ ਆਉਣਾ ਫ਼ਰਜ਼ ਜੇਕਰ ਹੈ ਤਾਂ ਕੇਵਲ ਪੁਰਸ਼ਾਂ'ਤੇ ਫ਼ਰਜ਼ ਹੈ । ਇਸ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਬਹੁਤ ਸਪਸ਼ਟ ਫ਼ਰਮਾਨ ਹੈ । ਆਪ ਸਲਲੱਾਹੁ ਅਲੈਹਿ ਵਸਲਮੱ ਨੇ ਫ਼ਰਮਾਇਆ ਕਿ ਹਰ ਮੁਸਲਮਾਨ'ਤੇ ਜਮਾਤ ਨਾਲ ਜੁਮਆ ਪੜ੍ਹਨਾ ਅਜਿਹਾ ਹੱਕ ਹੈ ਜੋ ਵਾਜਬ ਹੈ ਅਰਥਾਤ ਫ਼ਰਜ਼ ਹੈ ਸਿਵਾਏ ਚਾਰ ਪ੍ਰਕਾਰ ਦੇ ਲੋਕਾਂ ਦੇ ਅਤੇ ਉਹ ਹਨ ਗ਼ੁਲਾਮ, ਇਸਤਰੀ, ਬਚੱਾ ਤੇ ਰੋਗੀ । ਜੋ ਮੁਲਾਜ਼ਮ ਹਨ ਉਹਨਾਂ ਨੂੰ ਉਹਨਾਂ ਦੇਸ਼ਾਂ ਵਿੱਚ ਆਪਣੇ ਮਾਲਕਾਂ ਨੂੰ ਦਸੱਕੇ ਜਤਨ ਕਰਨਾ ਚਾਹੀਦਾ ਹੈ ਕਿ ਜੁਮਏ ਲਈ ਜੁਮਏ ਦੇ ਸਮੇਂ ਛੁੱਟੀ ਲੈਂਣ । ਕਈ ਲੋਕਾਂ ਨੇ ਜਤਨ ਕੀਤਾ ਅਤੇ ਉਹਨਾਂ ਨੂੰ ਅਗਿਆ ਵੀ ਮਿਲ ਗਈ ਅਤੇ ਜੇਕਰ ਮਜਬੂਰੀ ਹੋਵੇ ਤਾਂ ਫਿਰ ਨੇੜੇ ਨੇੜੇ ਦੇ ਤਿੰਨ ਚਾਰ ਅਹਮਦੀ ਮਿਲਕੇ ਜੁਮਆ ਪੜ੍ਹ ਲਿਆ ਕਰਨ । ਹਾਂ ਈਦ ਲਈ ਆਉਣਾ ਹਰ ਇਕ ਲਈ ਜ਼ਰੂਰੀ ਹੈ ਹਰ ਇਸਤਰੀ ਲਈ, ਹਰ ਪੁਰੁਸ਼ ਲਈ ਹਰ ਬੱਚੇ ਲਈ ।

ਸੋ, ਅੱਜ ਵੱਡੀ ਗਿਣਤੀ ਵਿੱਚ ਲੋਕ ਜੁਮਏ ਲਈ ਆਏ ਹੋਏ ਹਨ ਇਸ ਲਈ ਮੈਂ ਇਸ ਵੱਲ ਧਿਆਨ ਦੁਆ ਰਿਹਾ ਹਾਂ ਕਿ ਪੁਰੁਸ਼ ਆਪਣੇ ਜੁਮਿਆਂ ਦੀ ਵਿਸ਼ੇਸ਼ ਰੂਪ ਵਿੱਚ ਸੁਰੱਖਿਆ ਕਰਨ । ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਰਮਜ਼ਾਨ ਤੋਂ ਦੂਜੇ ਰਮਜ਼ਾਨ ਵਿਚਕਾਰ ਹੋਣ ਵਾਲੇ ਗੁਨਾਹਾਂ (ਪਾਪਾਂ) ਦੀ ਮੁਆਫ਼ੀ ਬਾਰੇ ਫ਼ਰਮਾਇਆ ਕਿ ਅਲੱਾਹ ਤਆਲਾ ਇਕ ਰਮਜ਼ਾਨ ਤੋਂ ਦੂਜੇ ਰਮਜ਼ਾਨ ਤੱਕ ਹੋਣ ਵਾਲੇ ਛੋਟੇ ਪਾਪਾਂ ਨੂੰ ਵੀ ਮੁਆਫ਼ ਕਰ ਦਿੰਦਾ ਹੈ ਪਰ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਪਾਪਾਂ ਤੋਂ ਮੁਆਫ਼ੀ ਦੇ ਜੋ ਸਾਧਨ ਦੱਸੇ ਹਨ ਉਹ ਆਪ ਇਕ ਸੰਰਚਨਾ ਨਾਲ ਦੱਸ ਰਹੇ ਹਨ ਪਹਿਲਾਂ ਨਮਾਜ਼ ਫ਼ਿਰ ਜੁਮਆ ਫਿਰ ਰਮਜ਼ਾਨ । ਸੋ, ਇਸ ਦੀ ਸਰੰਚਨਾ ਨਾਲ ਇਹ ਭੁਲੇਖਾਂ ਦੂਰ ਹੋ ਜਾਣਾ ਚਾਹੀਦਾ ਹੈ ਕਿ ਕੇਵਲ ਸਾਲ ਦੇ ਬਾਦ ਰਮਜ਼ਾਨ ਦੀਆਂ ਇਬਾਦਤਾਂ ਹੀ ਪਾਪਾਂ ਤੋਂ ਮੁਆਫ਼ੀ ਦਾ ਸਾਧਨ ਹਨ ਸਗੋਂ ਇਸ ਦੀ ਸੰਰਚਨਾ ਇਸ ਵੱਲ ਧਿਆਨ ਦੁਆ ਰਹੀ ਹੈ ਕਿ ਨਮਾਜ਼ਾਂ ਦੀ ਪੰਜ ਸਮੇਂ ਪ੍ਰਤੀਦਿਨ ਅਦਾਇਗੀ ਆਪਣੇ ਘੇਰੇ ਵਿੱਚ ਲਏ ਹੋਏ ਸਤੱਵੇਂ ਦਿਨ ਜੁਮਏ ਵਿੱਚ ਦਾਖ਼ਲ ਕਰਕੇ ਜੁਮਏ ਦੀਆਂ ਬਰਕਤਾਂ ਤੋਂ ਹਿਸੱਾ ਦੁਆਏਗੀ ਅਤੇ ਸਾਲ ਭਰ ਦੇ ਜੁਮਏ ਰਮਜ਼ਾਨ ਵਿੱਚ ਦਾਖ਼ਲ ਕਰਦਿਆਂ ਹੋਇਆਂ ਮੁਬਾਰਕ ਰਮਜ਼ਾਨ ਦੇ ਲਾਭ ਵਿੱਚੋਂ ਲਾਭਵੰਤ ਕਰਨਗੇ । ਪ੍ਰਤੀਦਿਨ ਦੀਆਂ ਪੰਜ ਨਮਾਜ਼ਾਂ ਰੱਬ ਦੀ ਹਜ਼ੂਰੀ ਵਿੱਚ ਅਰਜ਼ ਕਰਨਗੀਆਂ ਕਿ ਇਹ ਤੇਰਾ ਬੰਦਾ ਤੇਰੇ ਖ਼ੌਫ਼ ਅਤੇ ਤੇਰੇ ਪ੍ਰੇਮ ਕਰਕੇ ਵੱਡੇ ਪਾਪਾਂ ਤੋਂ ਬਚਦਿਆਂ ਹੋਇਆਂ ਪੰਜ ਸਮੇਂ ਤੇਰੀ ਹਜ਼ੂਰੀ ਵਿੱਚ ਹਾਜ਼ਰ ਹੁੰਦਾ ਰਿਹਾ । ਹਰ ਜੁਮਆ ਅਰਜ਼ ਕਰੇਗਾ ਕਿ ਤੇਰਾ ਇਹ ਬੰਦਾ ਸੱਤ ਦਿਨ ਆਪਣੇ ਆਪ ਨੂੰ ਵੱਡੇ ਪਾਪਾਂ ਤੋਂ ਬਚਾਉਂਦਾ ਹੋਇਆਂ ਜੁਮਏ ਦੇ ਦਿਨ ਤੇਰੀ ਹਜ਼ੂਰੀ ਵਿੱਚ ਹਾਜ਼ਰ ਹੁੰਦਾ ਰਿਹਾ । ਰਮਜ਼ਾਨ ਕਹੇਗਾ ਕਿ ਹੇ, ਖ਼ੁਦਾ ! ਇਹ ਬੰਦਾ ਰਮਜ਼ਾਨ ਦਾ ਹੱਕ ਪੂਰਾ ਕਰਨ ਦੇ ਬਾਦ ਪਾਪਾਂ ਤੋਂ ਬਚਦਿਆਂ ਹੋਇਆਂ ਅਤੇ ਨੇਕੀਆਂ ਬਜਾ ਲਿਆਉਂਦਿਆਂ ਹੋਇਆਂ ਇਸ ਰਮਜ਼ਾਨ ਵਿੱਚ ਇਸ ਆਸ'ਤੇ ਦਾਖ਼ਲ ਹੋਇਆ ਕਿ ਆਪਣੀ ਰਹਮਤ ਬਖ਼ਸ਼ਿਸ਼ ਤੇ ਅੱਗ ਤੋਂ ਬਚਾਉਣ ਦੇ ਦਹਾਕਿਆਂ ਤੋਂ ਉਸ ਨੂੰ ਲਾਭਵੰਤ ਕਰੇਗਾ ।

ਫਿਰ ਰੱਬ ਜੋ ਬਹੁਤ ਰਹੀਮ ਤੇ ਕਰੀਮ ਹੈ ਇਹਨਾਂ ਤੋਂ ਲਾਭਵੰਤ ਕਰਦਿਆਂ ਹੋਇਆਂ ਮਨੁੱਖ ਨੂੰ ਆਪਣੀ ਰਹਮਤ ਦੀ ਚਾਦਰ ਵਿੱਚ ਢੱਕ ਲੈਂਦਾ ਹੈ ਅਤੇ ਸ਼ੈਤਾਨ ਦੇ ਹਮਲਿਆਂ ਤੋਂ ਉਸਨੂੰ ਬਚਾ ਲੈਂਦਾ ਹੈ । ਇਸ ਲਈ

ਖ਼ੁਸ਼ਕਿਸਤ ਹਨ ਸਾਡੇ ਵਿੱਚੋਂ ਉਹ ਜੋ ਇਸ ਸੋਚ ਨਾਲ ਆਪਣੀਆਂ ਨਮਾਜ਼ਾਂ ਨੂੰ, ਜੁਮਿਆਂ ਨੂੰ ਅਤੇ ਆਪਣਿਆਂ ਰੋਜ਼ਿਆਂ ਦੇ ਹੱਕਾਂ ਨੂੰ ਪੂਰਾ ਕਰਦਿਆਂ ਹੋਇਆਂ ਰੱਬ ਦੀ ਪਨਾਹ ਵਿੱਚ ਆਉਣ ਵਾਲੇ ਹਨ ਅਤੇ ਰਮਜ਼ਾਨ ਦੇ ਇਸ ਵਾਤਾਵਰਣ ਤੋਂ ਹਰ ਪੱਖੋਂ ਪਾਕ ਹੋਕੇ ਨਿਕਲਣ ਵਾਲੇ ਹਨ । ਅਜਿਹੀ ਪਵਿੱਤਰਤਾ ਜੋ ਹਮੇਸ਼ਾ ਲਈ ਰੱਬ ਦੀ ਇਬਾਦਤ ਦਾ ਹੱਕ ਪੂਰਾ ਕਰਨ ਵਾਲਾ ਬਣਾਉਦੀ ਹੈ ।

ਫਿਰ ਰਮਜ਼ਾਨ ਵਿੱਚ ਵਿਸ਼ੇਸ਼ ਕਰਕੇ ਕੁਰਆਨ ਕਰੀਮ ਪੜ੍ਹਨ ਤੇ ਸੁਨਣ ਵੱਲ ਧਿਆਨ ਪੈਦਾ ਹੁੰਦਾ ਹੈ । ਬਹੁਤ ਲੋਕ ਜਤਨ ਕਰਦੇ ਹਨ ਕਿ ਘੱਟੋ ਘੱਟ ਕੁਰਆਨ ਕਰੀਮ ਦਾ ਇਕ ਦੌਰ ਪੂਰਾ ਕਰ ਲੈਂਣ ਕਿਉਕਿ ਇਹ ਸੁਨੱਤ (ਮਰਿਆਦਾ) ਵੀ ਹੈ ਪਰ ਨਾਲ ਹੀ ਇਸ ਮਹੀਨਿ ਵਿੱਚ ਕੁਰਆਨ ਕਰੀਮ ਦੀ ਤਲਾਵਤ ਵੱਲ ਧਿਆਨ ਅਤੇ ਪ੍ਰਬੰਧ ਇਸ ਪਾਸੇ ਵੀ ਧਿਆਨ ਦੁਆਉਣ ਵਾਲਾ ਹੋਣਾ ਚਾਹੀਦਾ ਹੈ ਕਿ ਹੁਣ ਅਸੀਂ ਪ੍ਰਤੀਦਿਨ ਬਕਾਇਦਗੀ ਨਾਲ ਕੁਰਆਨ ਕਰੀਮ ਦੇ ਕੁਝ ਨ ਕੁਝ ਭਾਗ ਦੀ ਤਲਾਵਤ ਕਰਨੀ ਹੈ । ਰੱਬ ਨੇ ਜਿੱਥੇ ਨਮਾਜ਼ਾਂ ਦੇ ਵੱਖ ਵੱਖ ਸਮਿਆਂ ਵੱਲ ਧਿਆਨ ਦੁਆਇਆ ਹੈ ਅਤੇ ਉਸ ਦੀ ਮਹਤੱਾ ਦੱਸੀ ਹੈ ਓਥੇ ਇਹ ਵੀ ਫ਼ਰਮਾਇਆ ਹੈ ਕਿ (وَقُرْاٰنَ الْفَجْرِ ؕ اِنَّ قُرْاٰنَ الْفَجْرِ كَانَ مَشْهُوْدًا) ਅਰਥਾਤ ਫ਼ਜਰ ਦੀ ਤਲਾਵਤ ਨੂੰ ਮਹਤੱਾ ਦਿਓ ਨਿਸ਼ਚੇ ਹੀ ਫ਼ਜਰ ਨੂੰ ਕੁਰਆਨ ਕਰੀਮ ਪੜ੍ਹਨਾ ਅਜਿਹਾ ਹੈ ਕਿ ਇਸ ਦੀ ਗਵਾਹੀ ਦਿੱਤੀ ਜਾਂਦੀ ਹੈ । ਸੋ, ਕੁਰਆਨ ਕਰੀਮ ਪੜ੍ਹਨਾ ਕੇਵਲ ਵਿਸ਼ੇਸ਼ ਦਿਨਾਂ ਤੱਕ ਹੀ ਸੀਮਤ ਨਹੀ ਕੀਤਾ ਗਿਆ ਸਗੋਂ ਨਮਾਜ਼ਾਂ ਦੇ ਨਾਲ ਉਸ ਨੂੰ ਵਰਨਣ ਕਰਕੇ ਉਸ ਦੀ ਮਹਤੱਾ ਉਸਦੀ ਮਹਤੱਾ ਵਰਨਣ ਕੀਤੀ ਗਈ ਹੈ । ਫਿਰ ਤਲਾਵਤ ਨਾਲ ਉਸ ਨੂੰ ਸਮਝਣ ਦੀ ਵੀ ਲੋੜ ਹੈ ਇਸ ਦਾ ਅਨੁਵਾਦ ਪੜ੍ਹਨ ਦੀ ਲੋੜ ਹੈ ਤਾਂ ਜੋ ਰੱਬ ਦੇ ਆਦੇਸ਼ ਹਨ ਉਹਨਾਂ ਦਾ ਸਾਨੂੰ ਪਤਾ ਲੱਗ ਸਕੇ ਅਤੇ ਇਸ ਯੁੱਗ ਵਿੱਚ ਤਾਂ ਵਿਸ਼ੇਸ਼ ਰੂਪ ਵਿੱਚ ਇਸ ਨੂੰ ਬਕਾਇਦਗੀ ਨਾਲ ਪੜ੍ਹਨ ਦੀ ਲੋੜ ਹੈ ਜੱਦ ਮੁਸਲਮਾਨ ਅਖਵਾਉਣ ਵਾਲੇ ਵੀ ਇਸ ਦੀ ਸਿੱਖਿਆ ਨੂੰ ਭੁਲਾਈ ਬੈਠੇ ਹਨ । ਫਿਰ ਹਜ਼ਰਤ ਸੀਹ ਮੌਊਦ ਅਲੈਹਿ ਸਲਾਮ ਨੇ ਵੀ ਇਸ ਵੱਲ ਧਿਆਨ ਦੁਆਉਂਦਿਆਂ ਹੋਇਆਂ ਫ਼ਰਮਾਇਆ ਕਿ ਜੋ ਲੋਕ ਕੁਰਆਨ ਨੂੰ ਸਨਮਾਨ ਦੇਣਗੇ ਉਹ ਆਕਾਸ਼'ਤੇ ਸਨਮਾਨ ਪਾਉਣਗੇ । ਕੌਣ ਹੈ ਜੋ ਆਕਾਸ਼'ਤੇ ਸਨਮਾਨ ਨ ਪਾਉਂਣਾ ਚਾਹੁੰਦਾ ਹੋਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰ ਵਾਰ ਸਾਨੂੰ ਫ਼ਰਮਾਇਆ ਕਿ ਜੋ ਤੁਸੀਂ ਮੇਰੀ ਬੈਅਤ ਵਿੱਚ ਆਏ ਹੋ ਹਮੇਸ਼ਾ ਇਬਾਦਤਾਂ ਰਾਹੀਂ ਵੀ ਅਤੇ ਉੱਚ ਆਚਰਣਾ ਰਾਹੀਂ ਵੀ ਅਤੇ ਆਪਣੇ ਅੰਦਰ ਪਾਕ ਤਬਦੀਲੀਆਂ ਪੈਦਾ ਕਰਦੇ ਚਲੇ ਜਾਓ । ਆਪ ਨੇ ਇਕ ਥਾਂ ਫ਼ਰਮਾਇਆ ਕਿ ਜੱਦ ਤੱਕ ਮਨੁੱਖ ਪਾਕ ਦਿਲ ਤੇ ਸਚੱਾਈ ਤੇ ਨੇਕੀ ਨਾਲ ਸਾਰਿਆਂ ਕੁਮਾਰਗਾਂ ਤੇ ਆਸ਼ਾਵਾਂ ਦੇ ਦਰਵਾਜਿਆਂ ਨੂੰ ਬੰਦ ਕਰਕੇ ਰੱਬ ਅੱਗੇ ਹੀ ਹੱਥ ਨਹੀਂ ਫੈਲਾਉਂਦਾ ਉਸ ਸਮੇਂ ਤੱਕ ਉਹ ਇਸ ਯੋਗ ਨਹੀਂ ਹੁੰਦਾ ਕਿ ਰੱਬ ਦੀ ਪਖੱਤਾ ਤੇ ਸਹਾਇਤਾ ਉਸ ਨੂੰ ਮਿਲੇ ਪਰ ਜੱਦ ਉਹ ਰੱਬ ਦੇ ਹੀ ਦਰ'ਤੇ ਡਿਗੱਦਾ ਹੈ ਅਤੇ ਉਸ ਤੋਂ ਦੁਆ ਮੰਗਦਾ ਹੈ ਤਾਂ ਉਸ ਦੀ ਇਹ ਹਾਲਤ ਸਹਾਇਤਾ ਨੂੰ ਸਮੋਹਣ ਵਾਲੀ ਤੇ ਰਹਮਤ ਯੋਗ ਹੁੰਦੀ ਹੈ ਰੱਬ ਆਕਾਸ਼ ਤੋਂ ਮਨੁੱਖ ਦੇ ਮਨ ਦੀਆਂ ਨੁਕਰਾਂ ਵਿੱਚ ਝਾਤੀ ਮਾਰਦਾ ਹੈ ਅਤੇ ਜੇਕਰ ਕਿਸੇ ਨੁਕੱਰ ਵਿੱਚ ਕਿਸੇ ਪ੍ਰਕਾਰ ਦਾ ਅੰਧਕਾਰ ਜਾਂ ਸ਼ਿਰਕ ਤੇ ਕੁਰੀਤੀ ਦਾ ਕੋਈ ਭਾਗ ਹੁੰਦਾ ਹੈ ਤਾਂ ਉਸ ਦੀਆਂ ਦੁਆਵਾਂ ਅਤੇ ਇਬਾਦਤਾਂ ਨੂੰ ਉਸ ਦੇ ਮੂੰਹ'ਤੇ ਮਾਰਦਾ ਹੈ ਅਤੇ ਦੇਖਦਾ ਹੈ ਕਿ ਉਸ ਦਾ ਦਿਲ ਹਰ ਪ੍ਰਕਾਰ ਦੇ ਭੌਤਕ ਉਦੇਸ਼ਿਆਂ ਅਤੇ ਜੁਲਮਤ ਤੋਂ ਪਾਕ ਤੇ ਸਾਫ਼ ਹੈ ਤਾਂ ਉਸ ਵਾਸਤੇ ਰਹਮਤ ਦੇ ਦਰ ਖੋਲਦਾ ਹੈ ਅਤੇ ਉਸ ਨੂੰ ਆਪਣੀ ਛਾਇਆ ਵਿੱਚ ਲੈਕੇ ਉਸ ਦੀ ਪਾਲਣਾ ਆਪ ਕਰਦਾ ਹੈ ।

ਸੋ, ਇਹ ਹੈ ਉਹ ਮਿਆਰ ਜੋ ਸਾਨੂੰ ਪੱਕੇ ਤੌਰ'ਤੇ ਹਾਸਲ ਕਰਨ ਦਾ ਜਤਨ ਕਰਦੇ ਰਹਿਣਾ ਚਾਹੀਦਾ ਹੈ । ਸਾਡੀਆਂ ਇਬਾਦਤਾਂ ਹਮੇਸ਼ਾ ਰੱਬ ਲਈ ਖ਼ਾਲਸ ਹੋਣ । ਰਮਜ਼ਾਨ ਦੇ ਬਾਦ ਵੀ ਅਸੀਂ ਆਪਣੀਆਂ ਇਬਾਦਤਾਂ ਦੇ ਮਿਆਰ ਕਇਮ ਰਖੱਣ ਵਾਲੇ ਹੋਈਏ ਤਾਂ ਜੋ ਹਰ ਪਲ ਰੱਬ ਦੀ ਛਾਇਆ ਵਿੱਚ ਰਹਿੰਦਿਆਂ ਹੋਇਆ ਉਸ ਦੀ ਪਾਲਣਾ ਦੇ ਲਾਭ ਵਿੱਚੋਂ ਲਾਭ ਪਾਉਂਦੇ ਰਹੀਏ ।

ਹਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, ਤੁਸੀਂ ਉਸ ਦੀ ਜਨਾਬ ਵਿਚ ਕੁਬੂਲ ਨਹੀਂ ਹੋ ਸਕਦੇ ਜੱਦ ਤੱਕ ਜ਼ਾਹਰ ਤੇ ਭੀਤਰ ਇਕ ਨ ਹੋਵੇ, ਵੱਡੇ ਹੋਕੇ ਛੋਟਿਆਂ ਉਪੱਰ ਰਹਿਮ ਕਰੋ ਨ ਕਿ ਉਹਨਾਂ ਦਾ ਅਪਮਾਨ, ਵਿਦਵਾਨ ਹੋਕੇ ਨਾਦਾਨਾ ਨੂੰ ਨਸੀਹਤ ਕਰੋ ਨ ਕਿ ਦਿਖਾਵੇ ਨਾਲ ਉਹਨਾ ਦਾ ਅਪਮਾਨ, ਅਮੀਰ (ਧੰਨਵਾਨ) ਹੋਕੇ ਗ਼ਰੀਬਾਂ ਦੀ ਸੇਵਾ ਕਰੋ ਨ ਕਿ ਹਉਮੈ ਕਰਕੇ ਉਹਨਾਂ'ਤੇ ਹੰਕਾਰ । ਤਬਾਹੀ ਦੇ ਮਾਰਗ ਤੋਂ ਡਰੋ, ਰੱਬ ਤੋਂ ਡਰਦਿਆਂ ਹੋਇਆਂ ਸੰਜਮਤਾ ਧਾਰਣ ਕਰੋ, ਪ੍ਰਾਣੀ ਪੂਜਾ ਨ ਕਰੋ ਕਿ ਆਪਣੇ ਮੌਲਾ ਵੱਲੋਂ ਕੱਟ ਜਾਓ ਅਤੇ ਦੁਨੀਆ ਤੋਂ ਉਪਰਾਮ ਰਹੋ ਅਤੇ ਉਸੇ ਦੇ ਹੋ ਜਾਓ ਅਤੇ ਉਸੇ ਲਈ ਜੀਵਨ ਬਤੀਤ ਕਰੋ ਅਤੇ ਉਸ ਲਈ ਹਰ ਇਕ ਨਾਪਾਕੀ ਤੇ ਪਾਪ ਤੋਂ ਘ੍ਰਿਣਾ ਕਰੋ ਕਿਉਂਕਿ ਉਹ ਪਾਕ ਹੈ । ਚਾਹੀਦਾ ਹੈ ਕਿ ਹਰ ਇਕ ਸਵੇਰ ਤੁਹਾਡੇ ਲਈ ਗਵਾਹੀ ਦੇਵੇ ਕਿ ਤੁਸੀਂ ਸੰਜਮਤਾ ਨਾਲ ਰਾਤ ਬਸਰ (ਬਤੀਤ) ਕੀਤੀ ਅਤੇ ਹਰ ਇਕ ਸ਼ਾਮ ਤੁਹਾਡੇ ਲਈ ਗਵਾਹੀ ਦੇਵੇ ਕਿ ਤੁਸੀਂ ਡਰਦਿਆਂ ਡਰਦਿਆਂ ਦਿਨ ਬਤੀਤ ਕੀਤਾ । ਦੁਨੀਆਂ ਦੀਆਂ ਲਾਨ੍ਹਤਾਂ ਤੋਂ ਨ ਡਰੋ ਕਿ ਉਹ ਧੂੰਏ ਵਾਂਗ ਦੇਖਦਿਆਂ ਦੇਖਦਿਆਂ ਅਲੋਪ ਹੋ ਜਾਂਦੀਆਂ ਹਨ । ਅਤੇ ਉਹ ਦਿਨ ਨੂੰ ਰਾਤ ਨਹੀਂ ਕਰ ਸਕਦੀਆਂ ਸਗੋਂ ਤੁਸੀਂ ਰੱਬ ਦੀ ਲਾਨ੍ਹਤ ਤੋਂ ਡਰੋ ਜੋ ਅਕਾਸ਼ ਤੋਂ ਉਤਰਦੀ ਹੈ ਅਤੇ ਜਿਸ'ਤੇ ਪੈਂਦੀ ਹੈ ਉਸ ਦਾ ਦੋਹਾਂ ਜਹਾਨਾ ਦਾ ਬੀ ਮੁਕਾ ਦਿੰਦੀ ਹੈ । ਤੁਸੀਂ ਦਿਖਾਵੇ ਨਾਲ ਆਪਣੇ ਆਪ ਨੂੰ ਬਚਾ ਨਹੀਂ ਸਕਦੇ । ਕੀ ਤੁਸੀਂ ਉਸ ਨੂੰ ਧੋਖਾ ਦੇ ਸਕਦੇ ਹੋ । ਸੋ, ਤੁਸੀਂ ਸਿੱਧੇ ਹੋ ਜਾਓ ਅਤੇ ਸਾਫ਼ ਹੋ ਜਾਓ ਅਤੇ ਪਾਕ ਹੋ ਜਾਓ ਅਤੇ ਖਰੇ ਹੋ ਜਾਓ ਅਤੇ ਇਕ ਰਤਾ ਵੀ ਤੇਰਾ ਮੇਰਾ ਬਾਕੀ ਹੈ ਤਾਂ ਤੁਹਾਡੇ ਸਾਰੇ ਪ੍ਰਕਾਸ਼ ਨੂੰ ਦੂਰ ਕਰ ਦੇਵੇਗਾ । ਜੇਕਰ ਤੁਹਾਡੇ ਕਿਸੇ ਪੱਖ ਵਿੱਚ ਵੀ ਹੰਕਾਰ ਹੈ ਜਾਂ ਦਿਖਾਵਾ ਹੈ ਜਾਂ ਹਉਮੈਂ ਹੈ ਜਾਂ ਲੋਭ ਹੈ ਤਾਂ ਤੁਸੀਂ ਅਜਿਹੀ ਚੀਜ਼ ਨਹੀਂ ਹੋ ਕਿ ਜੋ ਕੁਬੂਲ ਹੋਣ ਦੇ ਯੋਗ ਹੋਵੇ, ਅਜਿਹਾ ਨ ਹੋਵੇ ਕਿ ਤੁਸੀਂ ਕੇਵਲ ਕੁਝ ਗਲੱਾਂ ਨੂੰ ਲੈਕੇ ਆਪਣੇ ਆਪ ਨੂੰ ਧੋਖਾ ਦਿਓ ਕਿ ਜੋ ਅਸੀਂ ਕਰਨਾ ਸੀ ਕਰ ਲਿਆ ਕਿਉਂਕਿ ਰੱਬ ਚਾਹੁੰਦਾ ਹੈ ਕਿ ਤੁਹਾਡੇ ਵੁਜੂਦ ਵਿੱਚ ਪੂਰਾ ਪੂਰਾ ਇਨਕਲਾਬ ਆਵੇ ਅਤੇ ਉਹ ਤੁਹਾਡੇ ਕੋਲੋਂ ਇਕ ਮੌਤ ਮੰਗਦਾ ਹੈ ਜਿਸ ਦੇ ਬਾਦ ਉਹ ਤੁਹਾਨੂੰ ਜੀਉਂਦਿਆਂ ਕਰੇਗਾ, ਤੁਸੀਂ ਆਪੋ ਵਿੱਚ ਛੇਤੀ ਸੁਲਾਹ ਕਰੋ ਅਤੇ ਆਪਣੇ ਭਰਾਵਾਂ ਦੇ ਪਾਪ ਬਖਸ਼ੋ ਕਿਉਂਕਿ ਸ਼ਰਾਰਤੀ ਹੈ ਉਹ ਮਨੁੱਖ ਜੋ ਆਪਣੇ ਭਾਈ ਨਾਲ ਸੁਲਾਹ'ਤੇ ਰਾਜ਼ੀ ਨ ਹੋਵੇ, ਉਹ ਕੱਟਿਆ ਜਾਵੇਗਾ ਕਿਉਂਕਿ ਉਹ ਮਤਿਭੇਦ ਪਾਉਂਦਾ ਹੈ । ਤੁਸੀਂ ਆਪਣੇ ਹਉਮੈਂ ਹਰ ਪੱਖੋਂ ਛੱਡ ਦਿਓ ਅਤੇ ਆਪਸੀ ਨਾਰਾਜ਼ਗੀਆਂ ਜਾਣ ਦਿਓ । ਸੱਚੇ ਹੋਕੇ ਝੂਠਿਆ ਵਾਂਗ ਹੀਣੇ ਬਣ ਜਾਓ ਤਾਂ ਜੋ ਤੁਸੀਂ ਬਖਸ਼ੇ ਜਾਓ । ਫ਼ਰਮਾਉਂਦੇ ਹਨ ਕਿ ਨਫ਼ਸਾਨੀਯਤ ਦਾ ਮੁਟਾਪਾ ਛੱਡ ਦਿਓ ਕਿ ਜਿਸ ਦਰ ਤੋਂ ਤੁਸੀਂ ਬੁਲਾਏ ਗਏ ਹੋ ਉਸ ਵਿੱਚੋਂ ਇਕ ਮੋਟਾ ਮਨੁੱਖ ਨਹੀਂ ਲੰਘ ਸਕਦਾ । ਕਿੰਨ੍ਹਾ ਹੀ ਬਦਕਿਸਮਤ ਹੈ ਉਹ ਵਿਅਕਤੀ ਜੋ ਇਹਨਾਂ ਗਲੱਾਂ ਨੂੰ ਨਹੀਂ ਮੰਨ੍ਹਦਾ ਜੋ ਰੱਬ ਦੇ ਮੂੰਹੋ ਨਿਕਲੀਆਂ ਅਤੇ ਮੈਂ ਵਰਨਰ ਕੀਤੀਆਂ । ਜੇਕਰ ਤੁਸੀਂ ਚਾਹੁੰਦੇ ਹੋ ਕਿ ਆਕਾਸ਼ ਤੋਂ ਤੁਹਾਡੇ ਉਪੱਰ ਰੱਬ ਰਾਜ਼ੀ ਹੋਵੇ ਤਾਂ ਤੁਸੀਂ ਆਪੋ ਵਿੱਚ ਅਜਿਹੇ ਹੋ ਜਾਓ ਜਿਵੇਂ ਇਕ ਕੁਖੱ ਵਿੱਚੋਂ ਦੋ ਭਾਈ । ਤੁਹਾਡੇ ਵਿੱਚ ਵਡੱਾ ਉਹੋ ਹੈ ਜੋ ਆਪਣੇ ਭਰਾ ਦੇ ਬਹੁਤੇ ਪਾਪ ਬਖਸ਼ਦਾ ਹੈ ਅਤੇ ਬਦਪਖ਼ਤ ਹੈ ਉਹ ਜੋ ਅੜੀ ਕਰਦਾ ਹੈ ਅਤੇ ਨਹੀਂ ਬਖਸ਼ਦਾ, ਸੋ, ਉਸ ਦਾ ਮੇਰੇ ਵਿੱਚੋਂ ਕੋਈ ਹਿਸੱਾ ਨਹੀਂ । ਆਪ ਫ਼ਰਮਾਉਂਦੇ ਹਨ, ਬਦਕਾਰ ਰੱਬ ਦੀ ਨੇੜਤਾ

ਹਾਸਲ ਨਹੀਂ ਕਰ ਸਕਦਾ, ਹੰਕਾਰੀ ਰੱਬ ਦੀ ਨੇੜਤਾ ਹਾਸਲ ਨਹੀਂ ਕਰ ਸਕਦਾ, ਜ਼ਾਲਮ ਰੱਬ ਦੀ ਨੇੜਤਾ ਹਾਸਲ ਨਹੀਂ ਕਰ ਸਕਦਾ, ਧੋਖੇਬਾਜ਼ ਉਸ ਦੀ ਨੇੜਤਾ ਹਾਸਲ ਨਹੀਂ ਕਰ ਸਕਦਾ ਅਤੇ ਹਰ ਇਕ ਜੋ ਉਸ ਦੇ ਨਾਂ ਦੀ ਗ਼ੈਰਤ ਨਹੀਂ ਰਖੱਦਾ ਉਸ ਦੀ ਨੇੜਤਾ ਹਾਸਲ ਨਹੀਂ ਕਰ ਸਕਦਾ । ਫ਼ਰਮਾਇਆ ਤੁਹਾਡੇ ਲਈ ਜ਼ਰੂਰੀ ਸਿੱਖਿਆ ਇਹ ਹੈ ਕਿ ਕੁਰਆਨ ਸ਼ਰੀਫ਼ ਨੂੰ ਬਿਰਹਾ ਵਾਂਗ ਨ ਛੱਡ ਦਿਓ ਕਿ ਇਸੇ ਵਿੱਚ ਤੁਹਾਡਾ ਜੀਵਨ ਹੈ । ਜੋ ਲੋਕ ਕੁਰਆਨ ਕਰੀਮ ਨੂੰ ਸਨਮਾਨ ਬਖਸ਼ਣਗੇ ਉਹ ਆਕਾਸ਼'ਤੇ ਸਨਮਾਨ ਪਾਉਣਗੇ, ਜੋ ਲੋਕ ਹਰ ਇਕ ਹਦੀਸ ਅਤੇ ਹਰ ਇਕ ਗੱਲ'ਤੇ ਕੁਰਆਨ ਕਰੀਮ ਨੂੰ ਪ੍ਰਾਥਮਕ ਰਖੱਣਗੇ ਉਹਨਾਂ ਨੂੰ ਆਕਾਸ਼'ਤੇ ਪ੍ਰਾਥਮਕ ਰੱਖਿਆ ਜਾਏਗਾ । ਮਾਨਵਤਾ ਲਈ ਧਰਤੀ ਉਪੱਰ ਹੁਣ ਕੋਈ ਕਿਤਾਬ ਨਹੀਂ ਪਰ ਕੁਰਆਨ ਕਰੀਮ, ਅਤੇ ਹੁਣ ਸਾਰੀ ਮਨੁਖੱਤਾ ਲਈ ਕੋਈ ਰਸੂਲ ਤੇ ਸਫ਼ਾਰਸ਼ੀ ਨਹੀਂ ਪਰ ਮੁਹਮੱਦ ਸਲਲੱਾਹੁ ਅਲੈਹਿ ਵਸਲਮ, ਸੋ ਤੁਸੀਂ ਜਤਨ ਕਰੋ ਕਿ ਸੱਚਾ ਪ੍ਰੇਮ ਉਸ ਜਾਹੋ ਜਲਾਲ ਵਾਲੇ ਨਬੀ ਨਾਲ ਰੱਖੋ ਅਤੇ ਉਸ ਤੋਂ ਬਿਨੇ ਕਿਸੇ ਗ਼ੈਰ ਨੂੰ ਉਸ'ਤੇ ਵੱਡਿਆਈ ਨ ਦਿਓ ਤਾਂ ਆਕਾਸ਼'ਤੇ ਤੁਸੀਂ ਮੁਕਤੀ ਪ੍ਰਾਪਤ ਲਿੱਖੇ ਜਾਓ ਅਤੇ ਚੇਤੇ ਰੱਖੋ ਕਿ ਮੁਕਤੀ ਉਹ ਚੀਜ ਹੈ ਜੋ ਮਰਨ ਦੇ ਬਾਦ ਪ੍ਰਕਟ ਹੋਵੇਗੀ ਸਗੋਂ ਹਕੀਕੀ ਮੁਕਤੀ ਉਹ ਹੈ ਕਿ ਇਸ ਦੁਨੀਆ ਵਿੱਚ ਆਪਣੀ ਰੋਸ਼ਨੀ ਦਿਖਾਉਂਦਾ ਹੈ । ਫ਼ਰਮਾਇਆ ਮੁਕਤੀ ਪ੍ਰਾਪਤ ਕੌਣ ਹੈ ? ਉਹ ਜੋ ਵਿਸ਼ਵਾਸ਼ ਰਖੱਦਾ ਹੈ ਕਿ ਰੱਬ ਸੱਚ ਹੈ ਅਤੇ ਮੁਹਮੱਦ ਸਲਲੱਹੁ ਅਲੈਹਿ ਵਸਲਮ ਉਸ ਵਿੱਚ ਅਤੇ ਸਾਰੀ ਮਖ਼ਲੂਕ ਵਿੱਚ ਵਿਚੋਲੇ ਸਫ਼ਾਰਸ਼ੀ ਹਨ ਅਤੇ ਅਕਾਸ਼ ਹੇਠ ਨ ਉਸਦੇ ਮਰਤਬੇ ਦੇ ਬਰਾਬਰ ਕੋਈ ਰਸੂਲ ਹੈ ਅਤੇ ਨ ਕੁਰਆਨ ਕਰੀਮ ਦ ਮਰਤਬੇ ਦੇ ਬਰਾਬਰ ਕੋਈ ਹੋਰ ਕਿਤਾਬ ਹੈ । ਅਤੇ ਕਿਸੇ ਲਈ ਰੱਬ ਨੇ ਨ ਚਾਹਿਆ ਕਿ ਉਹ ਹਮੇਸ਼ਾ ਜੀਉਂਦਾ ਰਹੇ ਪਰ ਇਹ ਵੱਡਿਆਈ ਵਾਲਾ ਨਬੀ ਹਮੇਸ਼ਾ ਲਈ ਜੀਉਂਦਾ ਹੈ ।

ਸੋ, ਸਾਡੇ ਵਿੱਚੋਂ ਹਰ ਇਕ ਨੂੰ ਰਮਜ਼ਾਨ ਵਿੱਚੋਂ ਇਹ ਪ੍ਰਣ ਕਰਦਿਆਂ ਹੋਇਆਂ ਨਿਕਲਣਾ ਚਾਹੀਦਾ ਹੈ ਕਿ ਜੋ ਗੱਲੱਾਂ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਨੇ ਆਖੀਆਂ ਅਤੇ ਜੋ ਗਲੱਾਂ ਸਾਨੂੰ ਵਿਸਥਾਰ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤੀਆਂ ਉਹਨਾਂ ਨੂੰ ਅਸੀਂ ਹਮੇਸ਼ਾਂ ਸਾਹਮਣੇ ਰੱਖਦਿਆਂ ਹੋਇਆਂ ਉਹਨਾਂ ਅਨੁਸਾਰ ਆਪਣੇ ਜੀਵਨ ਲੰਘਾਉਣ ਦੇ ਜਤਨ ਕਰਨ । ਜੇਕਰ ਅਸੀਂ ਇਹ ਕਰਾਂਗੇ ਤਾਂ ਹੀ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਆਪਣੇ ਆਪ ਨੂੰ ਰਮਜ਼ਾਨ ਵਿੱਚੋਂ ਰੱਬ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਅਨੁਸਾਰ ਲੰਘਾਉਣ ਦਾ ਜਤਨ ਕੀਤਾ ਹੈ । ਅਲੱਾਹ ਤਆਲਾ ਸਾਨੂ ਇਸ ਦਾ ਸੰਜੋਗ ਪ੍ਰਦਾਨ ਕਰੇ ।

ਜੁਮਏ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਹਤਰਮਾ ਮੁਸ਼ਤਾਕ ਜ਼ੁਹਰਾ ਸਾਹਿਬਾ ਸੁਪੱਤਨੀ ਮੁਕਰੱਮ ਚੋਧਰੀ ਜ਼ਹੂਰ ਅਹਮਦ ਸਾਹਬ ਬਾਜਵਾਮਰਹੂਮ ਆਫ਼ ਰਬਵਾ ਅਤੇ ਮੁਕਰੱਮ ਅਬਦੂ ਬਕਰ ਸਾਹਬ ਆਫ਼ ਮਿਸਰ ਦੀ ਨਮਾਜ਼ ਜਨਾਜ਼ਾਹ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਦੋਹਾਂ ਮਰਹੂਮੀਨ ਦੇ ਸਦਗੁਣਾ ਦਾ ਗੁਣਗਾਨ ਕੀਤਾ ।

**Khulasa Khutba Jumma 23.06.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131